
# ਸਾਕਾ
# ਸ੍ਰੀ ਪੰਜਾ ਸਾਹਿਬ



ਅਰਮਨਜੀਤ ਸਿੰਘ

**ਧਰਮ ਪ੍ਰਚਾਰ ਕਮੇਟੀ**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ



ਸ਼ਹੀਦ ਭਾਈ ਪ੍ਰਤਾਪ ਸਿੰਘ

# ਸਾਕਾ ਸ੍ਰੀ ਪੰਜਾ ਸਾਹਿਬ

ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ, ਅੱਜ ਕੱਲ੍ਹ ਪਾਕਿਸਤਾਨ) ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਦਾ ਮਾਣ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਉਦਾਸੀਆਂ ਦੌਰਾਨ 1520 ਈ. ਨੂੰ ਇਸ ਸਥਾਨ 'ਤੇ ਪਹੁੰਚੇ। ਇਥੇ ਇਕ ਉੱਚੀ ਪਹਾੜੀ 'ਤੇ ਪਾਣੀ ਦੇ ਚਸ਼ਮੇ 'ਤੇ ਕਾਬਿਜ਼ ਕੰਧਾਰੀ ਨਾਂ ਦਾ ਵਲੀ ਰਹਿੰਦਾ ਸੀ। ਭਾਈ ਮਰਦਾਨਾ ਜੀ ਨੂੰ ਪਿਆਸ ਲੱਗੀ ਤੇ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਪ੍ਰਾਪਤ ਕਰਕੇ ਵਲੀ ਕੰਧਾਰੀ ਤੋਂ ਪੀਣ ਲਈ ਪਾਣੀ ਮੰਗਣ ਗਏ। ਦੋ ਵਾਰ ਪਾਣੀ ਮੰਗਣ 'ਤੇ ਵਲੀ ਕੰਧਾਰੀ ਨੇ ਪਾਣੀ ਦੇਣ ਤੋਂ ਮਨ੍ਹਾਂ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਦੇਖ ਕੇ ਹੱਥ ਵਿੱਚ ਫੜ੍ਹੀ ਸੋਟੀ ਨੂੰ ਉਸ ਪਹਾੜੀ ਦੀ ਜੜ੍ਹ ਵਿਚ ਮਾਰਿਆ, ਜਿਸ 'ਤੇ ਵਲੀ ਕੰਧਾਰੀ ਨਿਵਾਸ ਕਰਦਾ ਸੀ ਤੇ ਉਥੋਂ ਜਲ ਦਾ ਸੋਮਾ ਵਗ ਤੁਰਿਆ। ਭਾਈ ਮਰਦਾਨਾ ਜੀ ਜਲ ਛਕ ਕੇ ਤ੍ਰਿਪਤ ਹੋਏ, ਓਧਰ ਨਾਲ ਹੀ ਪਹਾੜੀ ਉਪਰ ਜੋ ਵਲੀ ਕੰਧਾਰੀ ਪਾਸ ਪਾਣੀ ਦਾ ਚਸ਼ਮਾ ਸੀ, ਉਹ ਖੁਸ਼ਕ ਹੋ ਗਿਆ। ਵਲੀ ਕੰਧਾਰੀ ਨੇ ਪਹਾੜੀ ਤੋਂ ਥੱਲੇ ਵੱਲ ਦੇਖਿਆ ਕਿ ਗੁਰੂ ਸਾਹਿਬ ਨੇ ਉਸ ਦਾ ਪਾਣੀ ਸੁਕਾ ਕੇ ਹੇਠ ਚਸ਼ਮਾ ਵਗਾ ਲਿਆ ਹੈ, ਉਹ ਬਹੁਤ ਗੁਸੇ ਵਿੱਚ ਆਇਆ। ਉਸ ਨੇ ਗੁਰੂ ਸਾਹਿਬ ਨੂੰ ਕੁਚਲ ਦੇਣ 'ਤੇ ਨਿਕਲਦੇ ਹੋਏ ਚਸ਼ਮੇ ਨੂੰ ਬੰਦ ਕਰਨ ਲਈ ਪਹਾੜੀ ਦਾ ਇਕ ਟਿੱਲਾ (ਪੱਥਰ, ਸਿਲਾ, ਪਹਾੜੀ ਦਾ ਹਿੱਸਾ) ਗੁਰੂ ਸਾਹਿਬ ਵੱਲ ਨੂੰ ਰੇੜ੍ਹਿਆ ਤੇ ਆਪਣੀ ਕਰਾਮਾਤ ਦਾ ਚਮਤਕਾਰ ਦਿਖਾਇਆ। ਇਹ ਟਿੱਲਾ ਚਸ਼ਮੇ ਦੇ ਉਪਰ ਵੱਲ ਗੁਰੂ ਸਾਹਿਬ ਦੇ ਉੱਤੇ ਨੂੰ ਆਇਆ। ਗੁਰੂ ਸਾਹਿਬ ਨੇ ਆਪਣੇ ਸੱਜੇ ਹੱਥ ਨਾਲ ਉਸ ਟਿੱਲੇ ਨੂੰ ਰੋਕਿਆ ਤਾਂ ਗਰੂ ਸਾਹਿਬ ਦਾ

ਪੰਜਾ ਟਿੱਲੇ ਵਿੱਚ ਗਡ ਗਿਆ। ਵਲੀ ਕੰਧਾਰੀ ਨੇ ਆਪਣੀ ਸ਼ਕਤੀ ਦਾ ਬਲ ਬਥੇਰਾ ਲਾਇਆ, ਪਰ ਟਿੱਲਾ ਉਥੋਂ ਨਾ ਹਿਲਿਆ। ਸੋ ਇਸ ਤਰ੍ਹਾਂ ਪੰਜੇ ਦਾ ਨਿਸ਼ਾਨ ਟਿੱਲੇ ਵਿੱਚ ਸਦਾ ਲਈ ਕਾਇਮ ਹੋ ਗਿਆ, ਸਮਾਂ ਪਾ ਕੇ ਇਸ ਜਗ੍ਹਾ ਦਾ ਨਾਮ 'ਗੁਰਦੁਆਰਾ ਸ੍ਰੀ ਪੰਜਾ ਸਾਹਿਬ' ਪ੍ਰਸਿੱਧ ਹੋਇਆ।

## ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਮੁੱਢਲੇ ਹਾਲਾਤ

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਦੁਰਾਨੀਆਂ ਦੇ ਹਮਲੇ ਤਕ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਾਲੇ ਅਸਥਾਨ ਦੀ ਮੁਸਲਮਾਨ ਫ਼ਕੀਰ ਹੀ ਸੇਵਾ ਕਰਦੇ ਰਹੇ। ਉਪਰੰਤ ਭਾਈ ਈਸ਼ਰ ਸਿੰਘ ਜੀ ਦੇ ਬਜ਼ੁਰਗਾਂ ਨੇ ਗੁਰਦੁਆਰਾ ਪੰਜਾ ਸਾਹਿਬ ਅਬਾਦ ਕੀਤਾ, ਫਿਰ ਭਾਈ ਨਰੈਣ ਸਿੰਘ ਦੀ ਸੱਸ ਮਾਈ ਸੁੱਧੀ ਦੇ ਸਮੇਂ ਸ. ਹਰੀ ਸਿੰਘ ਨਲਵਾ ਤੇ ਸੰਗਤ ਨੇ ਗੁਰਦੁਆਰਾ ਸਾਹਿਬ ਦਾ ਸਰੋਵਰ ਤੇ ਇਮਾਰਤ ਤਿਆਰ ਕਰਵਾਈ। ਗੁਰਦੁਆਰਾ ਸਾਹਿਬ ਦੇ ਗੁੰਬਦ ਦੀ ਸੇਵਾ ਸ. ਹੁਕਮ ਸਿੰਘ ਚਿਮਨੀ (ਮਹਾਰਾਜਾ ਰਣਜੀਤ ਸਿੰਘ ਦਾ ਬਹਾਦਰ ਫੌਜੀ ਸਰਦਾਰ ਸੀ) ਨੇ ਕੀਤੀ ਤੇ ਨਿਸ਼ਾਨ ਸਾਹਿਬ ਵੀ ਆਪ ਨੇ ਹੀ ਕਾਇਮ ਕੀਤਾ। ਸ. ਹਰੀ ਸਿੰਘ ਨਲਵਾ ਨੇ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸਥਾਪਨ ਕੀਤਾ। ਉਪਰੰਤ ਫੌਜ ਲੈ ਕੇ ਹਰੀਪੁਰ ਦੇ ਇਲਾਕੇ ਵਿਚ ਮੁਸਲਮਾਨਾਂ ਦੀ ਬਗਾਵਤ ਨੂੰ ਦਬਾਉਣ ਚਲੇ ਗਏ ਤੇ ਇਲਾਕੇ ਨੂੰ ਫ਼ਤਹਿ ਕੀਤਾ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜ਼ਿਲ੍ਹਾ ਅਟਕ ਦੇ ਪਿੰਡ ਖੁਰਾਖੇਲ ਵਿਚ ਗੁਰਦੁਆਰਾ ਸਾਹਿਬ ਲਈ ਪੰਜ ਸੌ ਰੁਪਏ ਸਾਲਾਨਾ ਜਾਗੀਰ ਲਾਈ, ਜੋ ਬਾਅਦ ਵਿੱਚ ਉਥੋਂ ਤਬਦੀਲ ਹੋ ਕੇ ਹਸਨ ਅਬਦਾਲ ਦੇ ਮਾਲੀਏ ਵਿਚੋਂ ਗੁਰਦੁਆਰਾ ਸਾਹਿਬ ਨੂੰ ਮਿਲੀ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦਾ ਇਲਾਕਾ ਸਿੱਖ ਰਾਜ ਤੋਂ ਪਹਿਲਾਂ ਅਫ਼ਗਾਨਿਸਤਾਨ ਦੇ ਨਾਲ ਸ਼ਾਮਲ ਸੀ। ਇਥੇ ਕਾਬਲ ਦੇ ਪਠਾਣਾਂ ਦਾ ਰਾਜ ਸੀ। ਉਪਰੰਤ ਮਿਸਲਾਂ ਦੇ ਵੇਲੇ ਸਿੱਖਾਂ ਨੇ ਇਹ ਇਲਾਕਾ ਫ਼ਤਹਿ ਕੀਤਾ। ਫੇਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਨੂੰ ਪੱਕੇ ਤੌਰ ਪਰ ਸਿੱਖ ਰਾਜ ਵਿੱਚ ਸ਼ਾਮਿਲ

ਕਰ ਲਿਆ। ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਵਿੱਚ ਮਹਾਰਾਜਾ ਸਾਹਿਬ ਦੇ ਸਮੇਂ ਵਿੱਚ ਸਿੱਖਾਂ ਦੀ ਛਾਉਣੀ ਵੀ ਸੀ। ਸਰਦਾਰ ਹਰੀ ਸਿੰਘ ਨਲਵਾ ਇਥੇ ਆ ਕੇ ਠਹਿਰਿਆ ਕਰਦੇ ਸਨ, ਉਨ੍ਹਾਂ ਦਾ ਮੁਨਸ਼ੀ ਖਾਨਾ ਵੀ ਇਥੇ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਸ. ਹਰੀ ਸਿੰਘ ਨਲਵਾ, ਸਿੱਖ ਸਰਦਾਰਾਂ, ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ ਅਤੇ ਹੋਰ ਸੰਗਤਾਂ ਨੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੀ ਸੇਵਾ ਕੀਤੀ। ਉਂਞ ਮਹਾਰਾਜਾ ਸਾਹਿਬ ਇਸ ਇਲਾਕੇ ਵਿੱਚ ਫੌਜੀ ਤੇ ਮੁਲਕੀ ਕਾਰਵਾਈਆਂ ਆਦਿ ਸਬੰਧੀ ਗਿਆਰਾਂ ਵਾਰ ਆਏ, ਦੋ ਵਾਰ ਖ਼ਾਸ ਤੌਰ ’ਤੇ ਉਹ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਲਈ ਹੀ ਆਏ।

## ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦਾ ਪੰਥਕ ਪ੍ਰਬੰਧ ਵਿੱਚ ਆਉਣਾ

ਗੁਰਦੁਆਰਾ ਸਾਹਿਬ ਦਾ ਪ੍ਰਬੰਧ 1920 ਈ. ਸਮੇਂ ਸਭ ਤੋਂ ਅਖੀਰਲੇ ਮਹੰਤ ਮਿੱਠਾ ਸਿੰਘ ਪਾਸ ਸੀ, ਜਿਨ੍ਹਾਂ ਬਾਰੇ 16 ਨਵੰਬਰ 1920 ਈ. (2 ਮੱਘਰ 1977 ਬ੍ਰਿਕਮੀ) ਨੂੰ ਬਾਅਦ ਦੁਪਹਿਰ ਅਕਾਲ ਚਲਾਣਾ ਕਰ ਜਾਣ ਦੀ ਸੂਚਨਾ ਪ੍ਰਾਪਤ ਹੋਈ। ਗੁਰਦੁਆਰਾ ਸਾਹਿਬ ਦਾ ਕਬਜ਼ਾ ਲੈਣ ਲਈ 18 ਨਵੰਬਰ 1920 ਈ. (4 ਮੱਘਰ 1977 ਬਿਕ੍ਰਮੀ) ਨੂੰ ਸ. ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਅਕਾਲੀ ਜਥੇ ਤੇ ਅਕਾਲੀ ਆਗੂ ਰੇਲ ਰਾਹੀਂ ਸ੍ਰੀ ਪੰਜਾ ਸਾਹਿਬ ਪੁੱਜੇ। ਗਿਆਨੀ ਸ਼ੇਰ ਸਿੰਘ, ਸ. ਗੋਪਾਲ ਸਿੰਘ ਸਾਗਰੀ ਅਤੇ ਹੋਰ ਮੁਖੀ ਸਿੱਖਾਂ ਨੇ ਜਥੇ ਦਾ ਸਵਾਗਤ ਕੀਤਾ। ਮੁੱਖੀ ਸਿੱਖ ਆਗੂਆਂ ਤੇ ਮਹੰਤ ਦੇ ਪਰਿਵਾਰ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਵਿਚਾਰਾਂ ਉਪਰੰਤ ਮਹੰਤ ਸੰਤ ਸਿੰਘ ਅਤੇ ਉਸ ਦੇ ਕੁਝ ਸਾਥੀਆਂ ਵਲੋਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿਤਾ ਗਿਆ। ਜਿਸ ’ਤੇ ਸੰਗਤ ਅਤੇ ਮਹੰਤ ਵਿਚਾਲੇ ਟਕਰਾਅ ਵਧ ਗਿਆ ਅਤੇ 19-20 ਨਵੰਬਰ ਤੋਂ ਲੈ ਕੇ ਇਕ ਹਫਤਾ ਦਿਨ ਰਾਤ ਖ਼ਤਰਾ ਰਿਹਾ। ਪਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਲਹੂ ਦੀ ਇਕ ਬੂੰਦ ਡੁਲ੍ਹੇ ਬਿਨਾਂ ਹੀ ਮੋਰਚਾ ਫ਼ਤਹਿ ਹੋ

ਗਿਆ। 22 ਨਵੰਬਰ 1920 ਈ. (8 ਮੱਘਰ 1977 ਬ੍ਰਿਕਮੀ) ਨੂੰ ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਆ ਗਿਆ। ਉਸ ਸਮੇਂ ਜੋ ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੋ ਰਹੇ ਸਨ, ਉਨ੍ਹਾਂ ਵਿੱਚੋਂ ਕਈਆਂ ਦਾ ਪ੍ਰਬੰਧ ਮੈਨੇਜਰਾਂ ਰਾਹੀਂ ਹੁੰਦਾ ਰਿਹਾ, ਪਰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਲਈ ਮੁੱਢ ਤੋਂ ਹੀ ਇਕ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਹੋਈ ਸੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਗੁਰਦੁਆਰੇ ਦੀ ਸੇਵਾ ਸੰਭਾਲ ਕਰਦੀ ਸੀ। 1920 ਈ. ਤੋਂ 1926 ਈ. ਤਕ ਗੁਰਦੁਆਰੇ ਦਾ ਪ੍ਰਬੰਧ ਇਸੇ ਤਰ੍ਹਾਂ ਰਿਹਾ ਤੇ ਇਸ ਤੋਂ ਪਿਛੋਂ ਪ੍ਰਬੰਧ ਗੁਰਦੁਆਰਾ ਐਕਟ ਅਨੁਸਾਰ ਬਣੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਪੰਜਾ ਸਾਹਿਬ ਦੇ ਸਪੁਰਦ ਹੋਇਆ। ਇਸ ਕਮੇਟੀ ਦੀ ਹਰ ਤੀਜੇ ਸਾਲ ਚੋਣ ਹੁੰਦੀ ਸੀ ਤੇ ਇਸ ਦੇ ਮੈਂਬਰ ਗਿਣਤੀ ਵਿੱਚ ਨੌਂ ਹੁੰਦੇ ਸਨ। 1947 ਈ. ਦੀ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਇਹ ਪਵਿੱਤਰ ਅਸਥਾਨ ਪਾਕਿਸਤਾਨ ਵਿਖੇ ਰਹਿ ਗਿਆ, ਹੁਣ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਔਕਾਫ਼ ਬੋਰਡ ਵਲੋਂ ਇਸ ਅਸਥਾਨ ਦੀ ਦੇਖ ਰੇਖ ਜਾਰੀ ਹੈ।

## ਸਾਕਾ ਸ੍ਰੀ ਪੰਜਾ ਸਾਹਿਬ

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਗੁਰਦੁਆਰਿਆਂ ਵਿਚੋਂ ਕੁਰੀਤੀਆਂ ਦੂਰ ਕਰਨ ਤੇ ਪ੍ਰਬੰਧ ਨੂੰ ਠੀਕ ਕਰਕੇ, ਪੰਥਕ ਪ੍ਰਬੰਧ ਹੇਠ ਲਿਆਉਣ ਲਈ ਆਰੰਭ ਹੋਈ। ਇਸ ਲਹਿਰ ਦਾ 1920 ਈ. ਤੋਂ 1925 ਈ. ਤਕ ਬੜਾ ਜ਼ੋਰ ਰਿਹਾ। ਇਸ ਦੌਰਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੇ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ, ਜੈਤੋ ਵਿੱਚ ਸ਼ਹੀਦੀ ਸਾਕੇ ਹੋਏ ਅਤੇ ਗੁਰਦੁਆਰਾ ਗੁਰੂ ਕਾ ਬਾਗ਼, ਜ਼ਿਲ੍ਹਾ ਅੰਮ੍ਰਿਤਸਰ ਤੇ ਗੁਰਦੁਆਰਾ ਭਾਈ ਫੇਰੂ, ਸਿਆਲਕੋਟ ਵਿੱਚ ਮੋਰਚੇ ਲਗੇ। ਵੀਹਵੀਂ ਸਦੀ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਖ਼ਾਲਸੇ ਨੇ ਸਿੱਖੀ

ਸਿਦਕ ਨਿਭਾਇਆ ਤੇ ਸ਼ਾਂਤਮਈ ਕੁਰਬਾਨੀ ਦੇ ਪੂਰਨੇ ਪਾਏ। ਸਿੱਖ ਸੰਗਤਾਂ ਗੁਰੂ, ਗੁਰਬਾਣੀ ਤੇ ਗੁਰਦੁਆਰਿਆਂ ਨੂੰ ਪ੍ਰਾਣਾਂ ਤੋਂ ਪਿਆਰੇ ਜੀਵਨ-ਦਾਤਾ ਸਮਝਦੇ ਹਨ ਤੇ ਇਨ੍ਹਾਂ ਪਰ ਆਪਾ ਕੁਰਬਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਗਸਤ 1922 ਈ. ਤੋਂ ਗੁਰੂ ਕੇ ਬਾਗ਼ ਦਾ ਸ਼ਾਂਤਮਈ ਮੋਰਚਾ ਸ਼ੁਰੂ ਹੋ ਗਿਆ ਜਿਸ ਵਿੱਚ ਹਜ਼ਾਰਾਂ ਸਿੰਘਾਂ ਨੇ ਸ਼ਾਂਤਮਈ ਰਹਿ ਕੇ ਬੜੀ ਦ੍ਰਿੜ੍ਹਤਾ ਨਾਲ ਬੀਟੀ ਦੀਆਂ ਡਾਂਗਾ ਖਾਧੀਆਂ। ਆਪਣੀਆਂ ਛਾਤੀਆਂ ਉਤੇ ਅੰਗਰੇਜ਼ ਸਰਕਾਰ ਦੇ ਘੋੜਿਆਂ ਦੀਆਂ ਸੁੰਮਾਂ ਨੂੰ ਬਰਦਾਸ਼ਤ ਕੀਤਾ। ਸਰਕਾਰ ਨੇ ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ ਸ਼ਾਮਲ ਹੋ ਰਹੇ ਜਥਿਆਂ 'ਤੇ ਤਸ਼ੱਦਦ ਕਰਨ ਉਪਰੰਤ ਸਿੰਘਾਂ ਨੂੰ ਜੇਲ੍ਹਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਜਥਿਆਂ ਦੇ ਸਿੰਘਾਂ ਦੀ ਗਿਣਤੀ ਵਧਣ ਕਾਰਣ ਸ੍ਰੀ ਅੰਮ੍ਰਿਤਸਰ ਦੀਆਂ ਜੇਲ੍ਹਾਂ ਭਰ ਚੁਕੀਆਂ ਸਨ, ਇਥੋਂ ਸਿੰਘਾਂ ਨੂੰ ਰਾਵਲਪਿੰਡੀ, ਅਟਕ ਅਤੇ ਹੋਰ ਜੇਲ੍ਹਾਂ ਵਿੱਚ ਰੇਲ ਗੱਡੀ ਰਾਹੀਂ ਭੇਜਣਾ ਸ਼ੁਰੂ ਕਰ ਦਿੱਤਾ। ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸਾਬਕਾ ਫੌਜੀ ਪੈਨਸ਼ਨਰੀਆਂ ਦਾ ਵੀ ਇਕ ਜਥਾ ਗ੍ਰਿਫ਼ਤਾਰ ਹੋਇਆ, ਜਿਸ ਦੇ ਮੁਖੀ ਸੂਬੇਦਾਰ ਅਮਰ ਸਿੰਘ, ਪਿੰਡ ਧਾਲੀਵਾਲ ਰਿਆਸਤ ਕਪੂਰਥਲਾ ਤੇ ਮੀਤ ਜਥੇਦਾਰ ਮਾਸਟਰ ਚਤਰ ਸਿੰਘ, ਹਵਾਲਦਾਰ, ਪਲਟਨ ਨੰ. 19 ਸਨ। ਇਸ ਜਥੇ ਨੂੰ ਨਵਾਬ ਅਸਲਮ ਹਯਾਤ ਖਾਂ ਮੈਜਿਸਟਰੇਟ ਅੰਮ੍ਰਿਤਸਰ ਵਲੋਂ ਢਾਈ ਸਾਲ ਕੈਦ ਸਖ਼ਤ ਤੇ ਇਕ ਇਕ ਸੌ ਰੁਪਏ ਜ਼ੁਰਮਾਨੇ ਦੀ ਸਜ਼ਾ ਦਿਤੀ ਗਈ। 29 ਅਕਤੂਬਰ 1922 ਈ. ਨੂੰ ਅੰਮ੍ਰਿਤਸਰ ਤੋਂ ਰਾਤ ਦੀ ਗੱਡੀ ਇਸ ਜਥੇ ਨੂੰ ਅਟਕ ਜੇਲ੍ਹ ਭੇਜਿਆ ਗਿਆ। 30 ਅਕਤੂਬਰ ਨੂੰ ਇਹ ਗੱਡੀ ਗੁਜਰਾਂਵਾਲੇ ਪੁਜੀ।

30 ਅਕਤੂਬਰ 1922 ਈ. (15 ਕਤਕ ਸੰਮਤ 1977 ਬ੍ਰਿਕਮੀ) ਨੂੰ ਸਵੇਰ ਦੇ ਦਸ ਵਜੇ ਦਾ ਵੇਲਾ ਸੀ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੀ ਸੰਗਤ ਨੂੰ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਤੋਂ ਜਥੇ ਲੰਘਣ ਦੀ ਇਤਲਾਹ ਮਿਲ ਗਈ ਸੀ। ਗੁਜਰਾਂਵਾਲੇ ਸਟੇਸ਼ਨ 'ਤੇ ਭਾਈ ਅਮਰੀਕ ਸਿੰਘ, ਡਾ. ਮਹਾਂ ਸਿੰਘ, ਸਰਦਾਰ ਨਰਾਇਣ ਸਿੰਘ ਵਕੀਲ, ਮਾਸਟਰ ਛਹਿਬਰ ਸਿੰਘ ਤੇ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਜਥੇ ਦਾ ਸੁਆਗਤ ਕੀਤਾ, ਫਲ, ਮਠਿਆਈ ਤੇ ਹੋਰ ਕਈ ਚੀਜ਼ਾਂ ਭੇਟ ਕੀਤੀਆਂ। ਜਿਸ

ਗੱਡੀ ਵਿੱਚ ਫੌਜੀ ਸਿੰਘ ਅਟਕ ਜਾ ਰਹੇ ਸਨ ਉਹ ਸਪੈਸ਼ਲ ਰੇਲ ਸੀ। ਦੁਪਹਿਰ ਦੇ ਵਕਤ ਰਾਵਲਪਿੰਡੀ ਪੁਜ ਗਈ ਸੀ, ਗੁਜਰਾਂਵਾਲੇ ਤੋਂ ਜਦੋਂ ਇਹ ਖ਼ਬਰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪੁਜੀ ਤਾਂ ਸੰਗਤ ਨੇ ਗਡੀ ਵਿੱਚ ਜਾ ਰਹੇ ਸਿੰਘਾਂ ਨੂੰ ਪ੍ਰਸ਼ਾਦ ਛਕਾਉਣ ਦੀ ਵਿਉਂਤ ਬਣਾਈ ਅਤੇ ਤਿਆਰੀ ਸ਼ੁਰੂ ਕਰ ਦਿਤੀ। ਜਦ ਕੁਝ ਮੁਖੀਆਂ ਨੇ ਸਟੇਸ਼ਨ ਮਾਸਟਰ ਤੋਂ ਪੁਛਿਆ ਤਾਂ ਉਸਨੇ ਕਿਹਾ, "ਗੱਡੀ ਇਥੇ ਨਹੀਂ ਰੁਕੇਗੀ। ਸਿੱਧੀ ਅਟਕ ਜਾਵੇਗੀ।" ਇਹ ਸੁਣ ਕੇ ਸ੍ਰੀ ਪੰਜਾ ਸਾਹਿਬ ਦੀ ਸੰਗਤ ਨੂੰ ਬਹੁਤ ਨਿਰਾਸਤਾ ਹੋਈ। ਉਸ ਸਮੇਂ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੇ ਸੰਗਤ ਨੂੰ ਕਿਹਾ, "ਗੱਡੀ ਜ਼ਰੂਰ ਖੜੀ ਹੋਵੇਗੀ। ਅਸੀਂ ਆਪਣੇ ਵੀਰਾਂ ਨੂੰ ਪ੍ਰਸ਼ਾਦ ਛਕਾ ਕੇ ਹੀ ਅਗੇ ਜਾਣ ਦੇਵਾਂਗੇ।" ਦੋਹਾਂ ਨੇ ਜਾਨ ਵਾਰ ਕੇ ਭਰਾਵਾਂ ਦੀ ਸੇਵਾ ਕਰਨ ਲਈ ਮਨ ਬਣਾ ਲਿਆ, ਪ੍ਰਤਿਗਿਆ ਬੜੀ ਕਠਿਨ ਸੀ। ਪਰ ਉਨ੍ਹਾਂ ਨੇ ਗੁਰੂ ਪ੍ਰਮੇਸ਼ਰ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਉਹ ਉਨ੍ਹਾਂ ਦੀ ਪ੍ਰਤਿਗਿਆ ਨੂੰ ਪੂਰਾ ਕਰਨ। ਉਹ ਸੰਗਤ ਸਮੇਤ ਰੇਲਵੇ ਸਟੇਸ਼ਨ ਪਰ ਪੁੱਜ ਗਏ, ਰੇਲ ਗੱਡੀ ਰਾਵਲਪਿੰਡੀ ਤੋਂ ਚਲ ਕੇ ਹਸਨ ਅਬਦਾਲ ਸਟੇਸ਼ਨ ਦੇ ਲਾਗੇ ਪੁੱਜ ਚੁੱਕੀ ਸੀ, ਸਟੇਸ਼ਨ ਮਾਸਟਰ ਨੇ ਲਾਇਨ ਕਲੀਅਰ ਦਾ ਸਿਗਨਲ ਦਿੱਤਾ ਹੋਇਆ ਸੀ, ਗੱਡੀ ਦੇ ਖਲੋਣ ਦੀ ਕੋਈ ਆਸ ਨਹੀਂ ਸੀ। ਇਹ ਵੇਖ ਕੇ ਸੰਗਤ ਰੇਲਵੇ ਲਾਇਨ 'ਤੇ ਬੈਠ ਗਈ, ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਦੋਵੇਂ ਸਭ ਤੋਂ ਅਗੇ ਸਨ। ਗੱਡੀ ਦੇ ਡਰਾਇਵਰ ਨੇ ਰੇਲਵੇ ਲਾਇਨ ਉਤੇ ਬੈਠੀਆਂ ਸੰਗਤਾਂ ਨੂੰ ਵੇਖ ਕੇ ਬਥੇਰੇ ਹਾਰਨ ਦਿਤੇ, ਪਰ ਕਿਸੇ ਨੇ ਵੀ ਕੋਈ ਪ੍ਰਵਾਹ ਨਹੀਂ ਕੀਤੀ। ਉਹ ਮੌਤ ਤੋਂ ਨਿਰਭੈ ਹੋ ਚੁਕੇ ਸਨ, '...ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥' ਦੀ ਅਵਸਥਾ ਨੂੰ ਪ੍ਰਾਪਤ ਕਰ ਚੁਕੇ ਸਨ।

## ਸ਼ਹੀਦ ਭਾਈ ਪ੍ਰਤਾਪ ਸਿੰਘ ਜੀ

ਭਾਈ ਪ੍ਰਤਾਪ ਸਿੰਘ ਦਾ ਜਨਮ ਮਿਤੀ 26 ਮਾਰਚ 1899 ਈ. (15 ਚੇਤਰ ਸੰਮਤ 1956 ਬਿਕ੍ਰਮੀ) ਨੂੰ ਪਿੰਡ ਅਕਾਲਗੜ੍ਹ ਜ਼ਿਲ੍ਹਾ ਗੁਜਰਾਂਵਾਲੇ ਵਿਚ ਸ. ਸਰੂਪ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁੱਖੋਂ

ਹੋਇਆ। ਇਨ੍ਹਾਂ ਦੇ ਤਿੰਨ ਵਡੇ ਭਰਾ ਸ. ਮੰਗਲ ਸਿੰਘ, ਸ. ਤਾਰਾ ਸਿੰਘ ਅਤੇ ਸ. ਕਰਮ ਸਿੰਘ ਸਨ। ਆਪਦੇ ਪਿਤਾ ਸ. ਸਰੂਪ ਸਿੰਘ ਸਰਾਫ਼ੀ ਦਾ ਕੰਮ ਕਰਦੇ ਸਨ। ਅਕਾਲਗੜ੍ਹ ਜ਼ਿਲ੍ਹਾ ਗੁਜਰਾਂਵਾਲੇ ਵਿਚ ਇਕ ਚੰਗਾ ਕਸਬਾ ਸੀ, ਮੁਸਲਮਾਨ ਰਾਜ ਸਮੇਂ ਇਸ ਦਾ ਨਾਂ ਅਲੀਵਾਲ ਸੀ। ਜਦ ਇਹ ਨਗਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਦੇ ਅਧਿਕਾਰ ਵਿਚ ਆਇਆ, ਉਨ੍ਹਾਂ ਨੇ ਇਸ ਦਾ ਨਾਮ ਅਕਾਲਗੜ੍ਹ ਰਖਿਆ। ਇਥੇ ਸਿੱਖਾਂ ਦਾ ਚੰਗਾ ਪ੍ਰਭਾਵ ਸੀ। ਭਾਈ ਪ੍ਰਤਾਪ ਸਿੰਘ ਜੀ ਦੇ ਮਾਤਾ ਪਿਤਾ ਚੰਗੇ ਧਾਰਮਿਕ ਭਾਵ ਵਾਲੇ ਸਨ। ਉਨ੍ਹਾਂ ਦਾ ਅਸਰ ਭਾਈ ਪ੍ਰਤਾਪ ਸਿੰਘ ਪਰ ਪੈਣਾ ਕੁਦਰਤੀ ਗੱਲ ਸੀ। ਆਪ ਜੀ ਨੇ ਨੌਵੀਂ ਜਮਾਤ ਤਕ ਵਿਦਿਆ ਅਕਾਲਗੜ੍ਹ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ। ਸਤਾਰਾਂ ਸਾਲ ਦੀ ਉਮਰ ਵਿੱਚ ਇਨ੍ਹਾਂ ਦਾ ਅਨੰਦ ਕਾਰਜ 1916 ਈ. (ਸੰਮਤ 1973 ਬਿਕ੍ਰਮੀ) ਨੂੰ ਪਿੰਡ ਲੋਹੀਆਂ ਵਾਲਾ, ਜ਼ਿਲ੍ਹਾ ਗੁਜਰਾਂਵਾਲਾ ਵਿਚ ਸ. ਕਪੂਰ ਸਿੰਘ ਅਤੇ ਮਾਤਾ ਈਸ਼ਰ ਕੌਰ ਦੀ ਇਕਲੌਤੀ ਪੁਤਰੀ ਬੀਬੀ ਹਰਨਾਮ ਕੌਰ ਨਾਲ ਹੋਇਆ। ਭਾਈ ਪ੍ਰਤਾਪ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਦਾ ਬੜਾ ਚੰਗਾ ਜੋੜ ਸੀ। ਅਨੰਦ ਕਾਰਜ ਦੇ ਕੁਝ ਸਮੇਂ ਬਾਅਦ ਭਾਈ ਪ੍ਰਤਾਪ ਸਿੰਘ ਜੀ ਨੇ ਮੰਡੀ ਭਲਵਾਨ, ਜ਼ਿਲ੍ਹਾ ਸਰਗੋਧਾ ਦੇ ਇਕ ਸਕੂਲ ਵਿੱਚ ਬਤੌਰ ਅਧਿਆਪਕ ਨੌਕਰੀ ਕਰ ਲਈ। ਫਿਰ ਸਕੂਲ ਦੀ ਨੌਕਰੀ ਛਡ ਕੇ ਕਰਾਚੀ ਵਿਚ ਆੜ੍ਹਤ ਦੀ ਦੁਕਾਨ 'ਤੇ ਲਗ ਗਏ। ਕਰਾਚੀ ਵਿੱਚ ਸਿੰਘ ਸਭਾ ਦਾ ਬੜਾ ਪ੍ਰਭਾਵ ਸੀ, ਉਸ ਸਮੇਂ ਸਾਲਾਨਾ ਦੀਵਾਨ ਹੋਇਆ। ਉਥੇ ਹੀ ਭਾਈ ਪ੍ਰਤਾਪ ਸਿੰਘ ਜੀ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤਪਾਨ ਕੀਤਾ। ਜਿਸ ਨਾਲ ਸਿੱਖੀ ਸਿਦਕ ਦਾ ਇਹ ਅਸਚਰਜ ਰੰਗ ਚੜ੍ਹ ਗਿਆ। ਕੁਝ ਚਿਰ ਕਰਾਚੀ ਵਿੱਚ ਨੌਕਰੀ ਕਰਨ ਦੇ ਬਾਅਦ ਉਥੇ ਵੀ ਆਪ ਦਾ ਜੀਅ ਨਾ ਲੱਗਾ ਤੇ ਨੌਕਰੀ ਛੱਡ ਦਿੱਤੀ। ਭਾਈ ਸਾਹਿਬ ਦੇ ਵਡੇ ਭਰਾ ਸ. ਤਾਰਾ ਸਿੰਘ ਤੇ ਸ. ਕਰਮ ਸਿੰਘ ਸਰਕਾਰੀ ਮੁਲਾਜ਼ਮਤ ਵਿਚ ਸਨ। ਉਨ੍ਹਾਂ ਨੇ ਆਪਣੇ ਪਾਸ ਸੱਦ ਕੇ ਮੁਲਤਾਨ ਛਾਉਣੀ ਵਿੱਚ ਆਪ ਜੀ ਨੂੰ 60 ਰੁਪਏ ਮਾਸਕ ਤਨਖਾਹ ਪਰ ਫ਼ੌਜੀ ਦਫ਼ਤਰ ਵਿੱਚ ਨੌਕਰੀ ਸ਼ੁਰੂ ਕਰਵਾ ਦਿਤੀ। ਇਸ ਦੌਰਾਨ ਭਾਈ ਪ੍ਰਤਾਪ ਸਿੰਘ ਜੀ ਦੇ

ਘਰ ਇਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਤ੍ਰਿਲੋਕ ਸਿੰਘ ਰਖਿਆ ਗਿਆ। ਪੁੱਤਰ ਦੇ ਜਨਮ ਤੋਂ ਕੁਝ ਸਮੇਂ ਬਾਅਦ ਆਪ ਦੀ ਤਬਦੀਲੀ ਰਾਵਲਪਿੰਡੀ ਛਾਉਣੀ ਵਿਖੇ ਹੋ ਗਈ। ਫ਼ਰਵਰੀ 1921 ਈ. ਵਿੱਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਨੂੰ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਕੀਤੀ। ਭਾਈ ਪ੍ਰਤਾਪ ਸਿੰਘ ਨੇ ਫ਼ੌਜ ਵਿੱਚ ਨੌਕਰੀ ਸਮੇਂ ਕਾਲੀ ਦਸਤਾਰ ਸਜਾ ਲਈ ਜਿਸ ਪਰ ਗੋਰੇ ਫ਼ੌਜੀ ਅਫ਼ਸਰਾਂ ਨੇ ਆਪ ਨੂੰ ਬੜੀ ਤਾੜਨਾ ਕੀਤੀ ਤੇ ਆਪ ਨੇ ਫ਼ੌਜ ਦੀ ਨੌਕਰੀ ਛੱਡ ਦਿਤੀ। ਇਸ ਤੋਂ ਬਾਅਦ ਆਪ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ। ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੇ ਨਾਲ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ ਅਤੇ ਸਾਕੇ ਦੌਰਾਨ ਸ਼ਹੀਦ ਸਿੰਘਾਂ ਦੇ ਸ਼ਹੀਦੀ ਅੰਗੀਠਿਆਂ ਦੇ ਦਰਸ਼ਨ ਵੀ ਕੀਤੇ। ਜਿਸ ਨੇ ਭਾਈ ਸਾਹਿਬ ਦੇ ਮਨ ਵਿੱਚ ਕੁਰਬਾਨੀ ਦੀ ਜਵਾਲਾ ਨੂੰ ਹੋਰ ਪ੍ਰਚੰਡ ਕੀਤਾ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਦੇ ਬਾਅਦ ਆਪ 1922 ਈ. ਵਿੱਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰਨ ਗਏ। ਪੰਥਕ ਪ੍ਰਬੰਧ ਵਿੱਚ ਆਉਣ ਤੋਂ ਬਾਅਦ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੀ ਨਵੀਂ ਇਮਾਰਤ ਤਿਆਰ ਹੋ ਰਹੀ ਸੀ। ਭਾਈ ਪ੍ਰਤਾਪ ਸਿੰਘ ਜੀ ਨੇ ਗੁਰਦੁਆਰਾ ਕਮੇਟੀ ਵਿੱਚ ਬਿਨਾਂ ਤਨਖਾਹ ਤੋਂ ਸੇਵਾਵਾਂ ਆਰੰਭ ਕਰ ਲਈਆਂ। ਆਪ ਨੇ ਛੇ ਮਹੀਨੇ ਖਜ਼ਾਨਚੀ ਅਤੇ ਮੈਨੇਜਰ ਵਜੋਂ ਸੇਵਾਵਾਂ ਨਿਭਾਈਆਂ। ਇਸ ਸਮੇਂ ਆਪ ਜੀ ਦੇ ਇਕਲੌਤੇ ਪੁਤਰ ਤ੍ਰਿਲੋਕ ਸਿੰਘ ਨੂੰ ਕਿਸੇ ਮੁੰਡੇ ਨੇ ਗਰਮ ਪਾਣੀ ਵਿੱਚ ਸੁੱਟ ਦਿੱਤਾ, ਜਿਸ ਕਾਰਨ ਉਹ ਅਕਾਲ ਚਲਾਣਾ ਕਰ ਗਿਆ। ਆਪ ਨੇ ਆਪਣੇ ਬੱਚੇ ਦੇ ਚਲਾਣੇ ਨੂੰ ਬੜੇ ਸਬਰ ਸ਼ੁਕਰ ਨਾਲ ਬਰਦਾਸ਼ਤ ਕੀਤਾ। ਭਾਈ ਸਾਹਿਬ ਨੇ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਗੁਰਬਾਣੀ ਦਾ ਕੀਰਤਨ ਕਰਦੇ ਹੋਏ ਆਪਣੇ ਪੁੱਤਰ ਦੇ ਮ੍ਰਿਤਕ ਸਰੀਰ ਦਾ ਅੰਤਮ ਸਸਕਾਰ ਕੀਤਾ। ਆਪਣੀ ਧਰਮ ਪਤਨੀ ਹਰਨਾਮ ਕੌਰ ਨੂੰ ਵੀ ਕਿਹਾ,

"ਬੱਚਾ ਵਾਹਿਗੁਰੂ ਦੀ ਦਾਤ ਸੀ। ਜੇ ਉਸ ਨੇ ਲੈ ਲਿਆ ਤਾਂ ਸ਼ੋਕ ਕਰਨ ਦੀ ਕੀ ਲੋੜ ਹੈ? ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਚਾਹੀਦਾ ਹੈ।" ਭਾਈ ਸਾਹਿਬ ਦੀ ਸ਼ਹੀਦੀ ਤੋਂ ਕੁਝ ਮਹੀਨੇ ਬਾਅਦ ਆਪ ਜੀ ਦੇ ਘਰ ਪੁੱਤਰੀ ਨੇ ਜਨਮ ਲਿਆ ਜਿਨ੍ਹਾਂ ਦਾ ਨਾਂ ਬੀਬੀ ਜੋਗਿੰਦਰ ਕੌਰ ਰੱਖਿਆ ਗਿਆ। 1922 ਈ. ਵਿਚ ਗੁਰਦੁਆਰਾ ਗੁਰੂ ਕੇ ਬਾਗ਼, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ਬੜਾ ਜ਼ਬਰਦਸਤ ਮੋਰਚਾ ਲਗਿਆ ਹੋਇਆ ਸੀ, ਏਥੇ ਪੁਲਸ ਵਲੋਂ ਸਿੰਘਾਂ ਨੂੰ ਇਤਨੀ ਮਾਰ ਪੈਂਦੀ ਸੀ ਕਿ ਸਾਰੇ ਦੇਸ ਪ੍ਰਦੇਸਾਂ ਵਿੱਚ ਹਾਹਾਕਾਰ ਮਚ ਰਿਹਾ ਸੀ। ਉਸ ਸਮੇਂ ਗੁਰਦੁਆਰਾ ਗੁਰੂ ਕੇ ਬਾਗ਼ ਸਾਹਿਬ ਤੋਂ ਜੋ ਜਥੇ ਫੜਕੇ ਕੈਦ ਕੀਤੇ ਜਾਂਦੇ ਸਨ, ਉਨ੍ਹਾਂ ਨੂੰ ਅਟਕ ਜੇਲ੍ਹ ਪਹੁੰਚਾਇਆ ਜਾਂਦਾ ਸੀ। 30 ਅਕਤੂਬਰ 1922 ਈ. ਦੇ ਸਵੇਰ ਸਮੇਂ ਗੁਰਦੁਆਰਾ ਗੁਰੂ ਕੇ ਬਾਗ਼ ਦੇ ਕੈਦੀਆਂ ਦੀ ਭਰੀ ਹੋਈ ਗੱਡੀ ਨੇ ਅਟਕ ਜਾਣ ਲਈ ਰਾਵਲਪਿੰਡੀ ਤੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਨੂੰ ਪੈਂਦੇ ਸਟੇਸ਼ਨ ਹਸਨ ਅਬਦਾਲ ਵਿਚ ਦੀ ਲੰਘਣਾ ਸੀ ਤੇ ਗੱਡੀ ਨੇ ਇਥੇ ਰੁਕਣਾ ਨਹੀਂ ਸੀ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਸਟਾਫ਼ ਤੇ ਹੋਰ ਸੰਗਤ ਨੂੰ ਇਹ ਪਤਾ ਲਗ ਗਿਆ ਕਿ ਸਿੰਘ ਭੁਖੇ ਗੱਡੀ ਵਿੱਚ ਜਾ ਰਹੇ ਹਨ। ਉਹ ਪ੍ਰਸ਼ਾਦਾ ਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਸਟੇਸ਼ਨ ਪਰ ਪੁਜੇ। ਰੇਲ ਗੱਡੀ ਨੂੰ ਖੜਾ ਕਰਨ ਲਈ ਬਹੁਤ ਸਾਰੇ ਸਿੰਘ ਰੇਲ ਗੱਡੀ ਦੀ ਲੀਹ ਪਰ ਜਾ ਬੈਠੇ। ਭਾਈ ਪ੍ਰਤਾਪ ਸਿੰਘ ਜੀ ਦੀ ਸੁਪਤਨੀ ਵੀ ਰੇਲ ਦੀ ਪਟੜੀ 'ਤੇ ਸੰਗਤ ਵਿੱਚ ਬੈਠੇ ਸਨ।

## ਸ਼ਹੀਦ ਭਾਈ ਕਰਮ ਸਿੰਘ ਜੀ

ਭਾਈ ਕਰਮ ਸਿੰਘ ਦੇ ਪਿਤਾ ਸ. ਭਗਵਾਨ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਮਹੰਤ ਸਨ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੇ ਪੋਤ੍ਰੇ ਦੀ ਧਰਮ ਪਤਨੀ ਭਾਈ ਕਰਮ ਸਿੰਘ ਦੀ ਭੈਣ ਸੀ। ਭਾਈ ਭਗਵਾਨ ਸਿੰਘ ਜੀ ਅਤੇ ਸ੍ਰੀਮਤੀ ਮਾਤਾ ਰੂਪ ਕੌਰ ਜੀ ਦੀ ਦੇ ਗ੍ਰਹਿ 14 ਨਵੰਬਰ 1885 ਈ. (1 ਮੱਘਰ 1942 ਬ੍ਰਿਕਮੀ) ਨੂੰ ਭਾਈ ਕਰਮ ਸਿੰਘ ਜੀ ਦਾ ਜਨਮ ਹੋਇਆ। ਇਸ ਤੋਂ ਪਹਿਲਾਂ ਇਨ੍ਹਾਂ ਦੇ ਤਿੰਨ ਭਰਾਤਾ—ਭਾਈ ਅਤਰ ਸਿੰਘ ਜੀ, ਭਾਈ ਗੁਰਦਿਤ ਸਿੰਘ ਤੇ

ਭਾਈ ਹੀਰਾ ਸਿੰਘ ਜੀ ਸਨ। ਇਨ੍ਹਾਂ ਦਾ ਪਹਿਲਾ ਨਾਮ ਸੰਤ ਸਿੰਘ ਸੀ। ਸੁਣਨ ਵਿੱਚ ਆਇਆ ਕਿ ਇਹ ਨਿੱਕੇ ਹੁੰਦੇ ਹੀ ਸ਼ੀਲ ਸੁਭਾਵ ਅਤੇ ਗੁਰਬਾਣੀ ਦੇ ਰਸੀਏ ਸਨ। ਜਿੱਥੇ ਆਪ ਦੇ ਸਾਥੀ ਖੇਡ ਮਲ ਵਿਚ ਗੀਤ ਗਾਇਆ ਕਰਦੇ ਸਨ, ਉਥੇ ਆਪ ਇਕ ਰਸ ਪ੍ਰੇਮ ਵਿਚ ਮਗਨ ਹੋ ਕੇ ਸ਼ਬਦ ਗਾਇਨ ਕਰਦੇ ਸਨ। ਆਪ ਦਾ ਗਲਾ ਰਸਦਾਇਕ ਤੇ ਸੁਰੀਲਾ ਹੋਣ ਕਰਕੇ ਸ੍ਰੋਤੇ ਸਥਿਰ ਹੋ ਜਾਇਆ ਕਰਦੇ ਸਨ, ਵਿਸ਼ੇਸ਼ ਕਰਕੇ ਆਪ "ਸੰਤਾ ਕੇ ਕਾਰਜਿ ਆਪਿ ਖਲੋਇਆ" ਸ਼ਬਦ ਪ੍ਰੇਮ ਸਹਿਤ ਗਾਇਆ ਕਰਦੇ ਸਨ। ਇਸੇ ਕਰਕੇ ਆਪ ਦਾ ਨਾਮ ਸੰਤ ਸਿੰਘ ਰਖਿਆ ਗਿਆ ਸੀ। ਇਸ ਬ੍ਰਿਤੀ ਨੂੰ ਦੇਖ ਕੇ ਨਿਕਟਵਰਤੀ ਕਿਹਾ ਕਰਦੇ ਸਨ ਇਹ ਤਾਂ ਕੋਈ ਸੰਤ ਮਾਲੂਮ ਹੁੰਦਾ ਹੈ। ਆਪ ਦੀ ਉਮਰ ਦੇ ਨਾਲ ਨਾਲ ਉੱਚ ਜੀਵਨ, ਮਿੱਠੀ ਜ਼ਬਾਨ, ਮਿਲਾਪੀ ਸੁਭਾਵ ਤੇ ਸੇਵਾ ਦੀ ਇੱਛਾ ਵਧਦੀ ਗਈ। ਰਾਗ ਵਿਦਯਾ ਦਾ ਆਪ ਨੂੰ ਸ਼ੌਂਕ ਸੀ, ਇਸ ਲਈ ਆਪ ਬੜੇ ਚੰਗੇ ਤਰੀਕੇ ਨਾਲ ਆਨੰਦ ਮਈ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਕਰਨ ਲੱਗ ਪਏ ਅਤੇ ਵਿਦਵਤਾ ਭਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਵਿੱਚ ਪ੍ਰਬੀਨ ਹੋ ਗਏ। ਇਸ ਤਰ੍ਹਾਂ ਗੁਰਬਾਣੀ ਦੀ ਖੋਜ, ਸ਼ਬਦ ਕੀਰਤਨ ਦਾ ਪ੍ਰੇਮ, ਪੰਥਕ ਸੇਵਾ ਕਰਨ ਦੇ ਚਾਅ ਵਿੱਚ ਵਾਧਾ ਹੁੰਦਾ ਗਿਆ।

ਪਿਤਾ ਜੀ ਦੇ ਅਕਾਲ ਚਲਾਣੇ ਪਿਛੋਂ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਥਾਪੇ ਗਏ, ਆਪ ਨੇ ਪੂਰਨ ਗੁਰਮਤਿ ਅਨੁਸਾਰ ਇਸ ਸੇਵਾ ਨੂੰ ਨਿਭਾਇਆ। ਆਪ ਸ੍ਰੀ ਤਖ਼ਤ ਸਾਹਿਬ ਦੀ ਸੇਵਾ ਕਰਦਿਆਂ ਊਚ ਨੀਚ ਜਾਂ ਜਾਤ-ਪਾਤ ਦੇ ਖਿਆਲ ਨੂੰ ਕਦੀ ਨੇੜੇ ਨਹੀਂ ਸਨ ਢੁੱਕਣ ਦੇਂਦੇ। ਇਸ ਲਈ ਪੁਰਾਣੇ ਜਾਤ-ਪਾਤ ਦੇ ਵਹਿਮਾਂ ਵਿਚ ਫਸੇ ਮਹੰਤ ਇਨ੍ਹਾਂ ਨਾਲ ਈਰਖਾ ਕਰਨ ਲਗ ਪਏ। ਕੁਝ ਸਮਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੇਵਾ ਕਰਨ ਉਪਰੰਤ ਆਪ ਦੇ ਮਨ ਅੰਦਰ ਗੁਰ ਅਸਥਾਨਾਂ ਦੇ ਦਰਸ਼ਨ ਕਰਨ ਦੀ ਤਾਂਘ ਉੱਠੀ, ਆਪ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਰਸ਼ਨ ਲਈ ਹਾਜ਼ਰ ਹੋਏ। ਇੱਥੇ ਹੀ ਆਪ ਨੇ ਅੰਮ੍ਰਿਤ ਛਕਿਆ ਤੇ ਆਪ ਦਾ ਨਾਮ ਕਰਮ ਸਿੰਘ ਪ੍ਰਵਾਨ ਹੋਇਆ, ਸਿੱਖ ਜਗਤ ਵਿਚ ਆਪ ਇਸੇ ਨਾਮ ਨਾਲ ਪ੍ਰਸਿੱਧ ਹੋਏ। ਉਪਰੰਤ

ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਏ, ਉਦੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜ਼ੋਰਾਂ ਵਿਚ ਸੀ। ਗੁਰੂ ਕੇ ਬਾਗ਼ ਦਾ ਮੋਰਚਾ ਲਗਾ ਹੋਇਆ ਸੀ, ਆਪ ਨੇ ਹੋ ਰਹੇ ਤਸ਼ੱਦਦ ਨੂੰ ਦੇਖ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਮਹੰਤੀ ਦੇ ਖਿਆਲ ਅਤੇ ਜੱਦੀ ਵਿਰਾਸਤ ਦੇ ਭਾਵ ਨੂੰ ਤਿਆਗ ਕੇ ਸ੍ਰੀ ਤਖ਼ਤ ਸਾਹਿਬ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਦਿਤਾ ਤੇ ਆਣ ਕੇ ਸ੍ਰੀ ਅੰਮ੍ਰਿਤਸਰ ਵਿਖੇ ਡੇਰੇ ਲਗਾ ਲਏ। ਗੁਰਦੁਆਰਾ ਗੁਰੂ ਕਾ ਬਾਗ਼ ਦੇ ਮੋਰਚੇ ਵਿੱਚ ਦਿਲੋਂ ਲਗਨ ਤੇ ਪਿਆਰ ਨਾਲ ਕਾਫ਼ੀ ਸੇਵਾ ਕੀਤੀ। ਇਸ ਸੇਵਾ ਵਿੱਚ ਆਪ ਦੀ ਧਰਮ ਪਤਨੀ ਆਪਦੇ ਨਾਲ ਸੀ ਜੋ ਲੰਗਰ ਅਤੇ ਜ਼ਖਮੀਆਂ ਦੀ ਸੇਵਾ ਵਿੱਚ ਬੜਾ ਹਿੱਸਾ ਲੈਂਦੀ ਰਹੀ। ਇਥੋਂ ਆਪ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨਾਂ ਲਈ ਚਲ ਪਏ। ਭਾਈ ਕਰਮ ਸਿੰਘ ਜੀ ਨੇ ਸ਼ਬਦ ਕੀਰਤਨ ਅਤੇ ਵਿਦਵਤਾ ਭਰੀ ਕਥਾ ਦਾ ਪ੍ਰਵਾਹ ਆਰੰਭ ਕੀਤਾ, ਕਿਉਂਕਿ ਆਪ ਰਾਗ ਵਿਦਯਾ ਦੇ ਮਾਹਿਰ ਸਨ ਇਸ ਲਈ ਆਪ ਦਾ ਕੀਰਤਨ ਸੰਗਤ ਦੇ ਮਨ ’ਤੇ ਗਹਿਰਾ ਅਸਰ ਕਰਦਾ ਸੀ। ਆਪਦਾ ਭਰਵਾਂ ਚਿਹਰਾ, ਸੁੰਦਰ ਕਾਲਾ ਭਰਵਾਂ ਦਾਹੜਾ, ਸੋਹਲ ਬਦਨ, ਮਿਠਾ ਸੁਭਾਵ ਮਿਲਣ ਵਾਲੇ ਨੂੰ ਆਪਣੇ ਵਲ ਖਿੱਚਦਾ ਸੀ। ਭਾਈ ਸਾਹਿਬ ਜੀ ਦੀ ਧਰਮ ਪਤਨੀ ਜੀ ਵੀ ਲੰਗਰ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਆਪ ਨੇ ਚਾਰ ਪੰਜ ਦਿਨਾਂ ਵਿੱਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਰਹਿੰਦੇ ਹੋਏ ਸਾਧ ਸੰਗਤ ਦੇ ਦਿਲਾਂ ਵਿਚ ਪਿਆਰ ਅਤੇ ਸਨਮਾਨ ਪਾ ਲਿਆ ਸੀ। ਮੋਰਚਾ ਗੁਰਦੁਆਰਾ ਗੁਰੂ ਕੇ ਬਾਗ਼ ਦਾ ਨਜ਼ਾਰਾ ਆਪ ਨੇ ਅੱਖੀਂ ਤੱਕਿਆ ਸੀ। ਆਪ ਜਾਣਦੇ ਸਨ ਕਿ ਕਿਸ ਤਰ੍ਹਾਂ ਸ਼ਾਂਤਮਈ ਤਰੀਕੇ ਨਾਲ ਕੜੀਆਂ ਵਰਗੇ ਜਵਾਨ ਕੁੱਟੇ ਜਾ ਰਹੇ ਸਨ। ਉਹ ਜਵਾਨ ਜੇ ਮਾਰਨ ਵਾਲੇ ਜਰਵਾਣਿਆਂ ਪਰ ਟੁੱਟ ਪੈਂਦੇ ਤਾਂ ਕੱਲਾ ਕੱਲਾ ਦਸਾਂ ਵੀਹਾਂ ਨੂੰ ਮਰੋੜ ਛਡਦਾ ਪਰ ਪੰਥ ਦਾ ਹੁਕਮ ਨਹੀਂ ਸੀ। ਗੁਰੂ ਕੇ ਬਾਗ਼ ਦੇ ਧਰਮੀ ਬੰਦਿਆਂ ਨੂੰ ਸਜ਼ਾਵਾਂ ਦੇ ਕੇ ਜੇਲ੍ਹ ਵਿੱਚ ਬੰਦ ਕਰਨਾ ਆਰੰਭ ਦਿੱਤਾ। ਧਰਮ ਦੀ ਖ਼ਾਤਰ ਹੱਸ ਹੱਸ ਕੇ ਕਸ਼ਟ ਉਠਾਉਣ ਵਾਲੇ ਵੀਰਾਂ ਨੇ ਜੇਲ੍ਹਾਂ ਵਲ ਵਹੀਰਾਂ ਪਾ ਦਿੱਤੀਆ ਤੇ ਪੰਜਾਬ ਦੇ ਜੇਲ੍ਹ ਨਕਾ ਨਕ ਭਰ ਦਿਤੇ, ਜਿਸ ਪਰ ਇਨ੍ਹਾਂ ਨੂੰ ਸਪੈਸ਼ਲ ਰੇਲ-ਗੱਡੀਆਂ ਦੁਆਰਾ ਅਟਕ ਅਤੇ

ਹੋਰ ਥਾਵਾਂ 'ਤੇ ਜੇਲ੍ਹਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। 30 ਅਕਤੂਬਰ 1922 ਦੇ ਦਿਨ ਸ੍ਰੀ ਪੰਜਾ ਸਾਹਿਬ ਦੇ ਗੁਰਦੁਆਰੇ ਵਿਚ ਨਿਤਨੇਮ ਅਨੁਸਾਰ ਅੰਮ੍ਰਿਤ ਵੇਲੇ ਤੋਂ ਗੁਰਮੁਖ ਪਿਆਰੇ ਭਾਈ ਕਰਮ ਸਿੰਘ ਜੀ ਅਨੰਦਮਈ ਆਸਾ ਕੀ ਵਾਰ ਦਾ ਕੀਰਤਨ ਕਰ ਰਹੇ ਸਨ। ਭਾਈ ਸਾਹਿਬ ਦੇ ਕੀਰਤਨ ਵਿਚ ਰੋਜ਼ ਨਾਲੋਂ ਨਿਰਾਲਾ ਰਸ ਤੇ ਅਨੋਖਾ ਅਨੰਦ ਪ੍ਰਾਪਤ ਹੋ ਰਿਹਾ ਸੀ। ਭਾਈ ਸਾਹਿਬ ਨੇ ਪਹਿਲਾਂ "ਪਖਾ ਫੇਰੀ ਪਾਣੀ ਢੋਵਾ..." ਬੜੇ ਪ੍ਰੇਮ ਨਾਲ ਸ਼ਬਦ ਪੜ੍ਹਿਆ ਫਿਰ "...ਮਰਉ ਤ ਹਰਿ ਕੈ ਦੁਆਰ॥" ਸ਼ਬਦ ਬੜੇ ਮਿਠੇ ਤੇ ਦਿਲ ਵਿੰਨ੍ਹਵੇਂ ਸੁਰ ਨਾਲ ਗਾਇਨ ਕੀਤਾ। ਆਸਾ ਕੀ ਵਾਰ ਦਾ ਅਜੇ ਭੋਗ ਨਹੀਂ ਸੀ ਪਿਆ ਕਿ ਉਧਰੋਂ ਇਕ ਸਿੰਘ ਨੇ ਦੀਵਾਨ ਵਿਚ ਬੰਦੀ ਸਿੰਘਾਂ ਦੀ ਸਪੈਸ਼ਲ ਰੇਲ-ਗੱਡੀ ਹਸਨ ਅਬਦਾਲ ਸਟੇਸ਼ਨ ਤੋਂ ਲੰਘਣ ਬਾਰੇ ਚਰਚਾ ਛੇੜੀ। ਇਸ ਖ਼ਬਰ ਨੇ ਸੰਗਤ ਦੇ ਦਿਲਾਂ ਵਿਚ ਉਨ੍ਹਾਂ ਸੂਰਬੀਰਾਂ ਦੇ ਦਰਸ਼ਨ ਲਈ ਤਾਂਘ ਤੇ ਸੇਵਾ ਦਾ ਉਤਸ਼ਾਹ ਪੈਦਾ ਕਰ ਦਿਤਾ ਤੇ ਨਾਲ ਹੀ ਸੰਗਤ ਸਿੰਘਾਂ ਦੀ ਸੇਵਾ ਦੀ ਤਿਆਰੀ ਵਿੱਚ ਜੁਟ ਗਈ। ਭਾਈ ਕਰਮ ਸਿੰਘ ਜੀ ਆਸਾ ਕੀ ਵਾਰ ਦਾ ਭੋਗ ਪਾ ਕੇ ਦੀਵਾਨ ਦੀ ਸਮਾਪਤੀ ਉਪਰੰਤ ਅਰਦਾਸ ਕਰਕੇ ਸੰਗਤੀ ਰੂਪ ਵਿੱਚ ਸ਼ਬਦ ਪੜ੍ਹਦੇ ਪਲੇਟਫਾਰਮ 'ਤੇ ਪੁਜੇ ।

## ਸਿੰਘਾਂ ਦੀਆਂ ਸ਼ਹਾਦਤਾਂ

ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਨੇ ਸ਼ਹੀਦੀ ਪ੍ਰਾਪਤ ਕਰਨ ਦਾ ਫ਼ੈਸਲਾ ਕਰ ਲਿਆ ਸੀ। ਰੇਲ ਗੱਡੀ ਤੇਜ਼ੀ ਨਾਲ ਆ ਰਹੀ ਸੀ, ਸੰਗਤ ਭੈ ਮੁਕਤ ਹੋ ਕੇ ਰੇਲ ਦੀ ਪਟੜੀ 'ਤੇ ਬੈਠੀ ਸੀ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਦੋਵੇਂ ਸਭ ਤੋਂ ਅਗੇ ਲੇਟੇ ਹੋਏ ਸਨ। ਇੰਜਣ ਉਨ੍ਹਾਂ ਦੀਆਂ ਹੱਡੀਆਂ ਨੂੰ ਚੂਰ-ਚੂਰ ਕਰਦਾ ਹੋਇਆ ਦੋਹਾਂ ਤੋਂ ਲੰਘ ਗਿਆ। ਦੋਹਾਂ ਦੇ ਸਰੀਰ ਰੇਲ ਦੇ ਪਹੀਆਂ ਵਿੱਚ ਫਸ ਕੇ ਪਿੰਜੇ ਗਏ, ਗੱਡੀ ਖੜੀ ਹੋ ਗਈ, ਨਾਲ ਬੈਠੇ ਸਿੰਘਾਂ ਨੂੰ ਭਾਰੀ ਸੱਟਾਂ ਲੱਗੀਆਂ ਤੇ ਉਹ ਫੱਟੜ ਹੋ ਗਏ। ਰੇਲਵੇ ਲਾਇਨ ਦੇ ਦੋਹਾਂ ਪਾਸੇ ਸੈਂਕੜੇ ਦੀ ਗਿਣਤੀ ਵਿਚ ਸੰਗਤ ਇਸ ਦਰਦਨਾਕ ਦ੍ਰਿਸ਼ ਨੂੰ ਵੇਖ ਕੇ ਤ੍ਰਾਹ ਤ੍ਰਾਹ ਕਰ ਰਹੀ ਸੀ। ਜਦ ਉਨ੍ਹਾਂ ਦੋਹਾਂ ਨੂੰ ਇੰਜਣ ਦੇ ਪਹੀਆਂ

'ਚੋਂ ਕਢਿਆ ਗਿਆ, ਉਹ ਅਜੇ ਸਿਸਕ ਰਹੇ ਸਨ, ਬਾਕੀ ਜ਼ਖ਼ਮੀ ਸਿੰਘਾਂ ਦੀ ਦੇਖਭਾਲ ਕੀਤੀ ਜਾ ਰਹੀ ਸੀ। ਡਿਪਟੀ ਕਮਿਸ਼ਨਰ ਨੂੰ ਇਸ ਦੀ ਇਤਲਾਹ ਮਿਲੀ, ਉਹ ਮੌਕੇ 'ਤੇ ਪੁਜ ਗਿਆ। ਜਦ ਸੰਗਤ ਨੇ ਦਮ ਤੋੜ ਰਹੇ ਸ਼ਹੀਦਾਂ ਦੀ ਸੰਭਾਲ ਕਰਨ ਦਾ ਯਤਨ ਕੀਤਾ, ਉਸ ਸਮੇਂ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੇ ਕਿਹਾ- "ਗੱਡੀ ਵਿੱਚ ਬੈਠੇ ਵੀਰਾਂ ਦੀ ਸੇਵਾ ਕਰ ਲਉ, ਫਿਰ ਸਾਡੀ ਸੰਭਾਲ ਕਰ ਲੈਣੀ।" ਉਨ੍ਹਾਂ ਦੀ ਇਛਾ ਅਨੁਸਾਰ ਗੱਡੀ ਵਿੱਚ ਜਾ ਰਹੇ ਸਿੰਘਾਂ ਨੂੰ ਲੰਗਰ ਵਰਤਾ ਦਿੱਤਾ ਗਿਆ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਦੇ ਇੰਜਣ ਹੇਠ ਆ ਕੇ ਪਿੰਜੇ ਸਰੀਰਾਂ ਨੂੰ ਵੇਖ ਕੇ ਸਭ ਖਾਣਾ ਪੀਣਾ ਭੁੱਲ ਗਏ। ਕਰੁਣਾਰਸ ਨਾਲ ਭਰੇ ਸਿੰਘਾਂ ਦੀ ਗੱਡੀ ਅਟਕ ਵੱਲ ਚਲੀ ਗਈ। ਸੰਗਤ ਨੇ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੂੰ ਜ਼ਖਮੀ ਹਾਲਤ ਵਿਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਲਿਆਂਦਾ। ਜਿਥੇ ਉਹ ਪੰਜ ਭੂਤਕ ਸਰੀਰ ਤਿਆਗ ਕੇ ਆਤਮਿਕ ਤੌਰ 'ਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਜਿਸ ਤਰ੍ਹਾਂ ਹਨੇਰੀ ਰਾਤ ਵਿਚ ਨਿਰਮਲ ਅਕਾਸ਼ ਅੰਦਰ ਤਾਰੇ ਚਮਕਦੇ ਹਨ, ਉਹ ਆਪਣੀ ਲੋਅ ਨਾਲ ਭੁਲੇ ਭਟਕੇ ਮੁਸਾਫ਼ਿਰਾਂ ਨੂੰ ਪੰਧ ਦੀ ਸੇਧ ਦਿੰਦੇ ਹਨ, ਇਸੇ ਤਰ੍ਹਾਂ ਸ੍ਰੀ ਪੰਜਾ ਸਾਹਿਬ ਦੇ ਸ਼ਹੀਦ ਭਾਈ ਪ੍ਰਤਾਪ ਸਿੰਘ ਤੇ ਸ਼ਹੀਦ ਭਾਈ ਕਰਮ ਸਿੰਘ ਜੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖੀ ਸਿਦਕ ਅਤੇ ਕੁਰਬਾਨੀ ਦਾ ਪ੍ਰਕਾਸ਼ ਦਿੰਦੇ ਰਹਿਣਗੇ।

ਇਹ ਇਕ ਵਿਲੱਖਣ ਮਿਸਾਲ ਹੈ ਕਿ ਕੇਵਲ ਭੁੱਖੇ ਕੈਦੀਆਂ ਨੂੰ ਪ੍ਰਸ਼ਾਦਾ ਛਕਾਉਣ ਦੇ ਸੇਵਾ ਭਾਵ ਤੇ ਪ੍ਰੇਮ ਦੀ ਖ਼ਾਤਰ ਇਸ ਤਰ੍ਹਾਂ ਸਾਹਮਣੇ ਮੌਤ ਦੇਖ ਕੇ ਫੇਰ ਮੌਤ ਨੂੰ ਗਲ ਲਾਉਣਾ, ਇਕ ਦਲੇਰੀ ਭਰਿਆ ਕਾਰਨਾਮਾ ਹੈ। ਉਸ ਸਮੇਂ ਦਾ ਦ੍ਰਿਸ਼ ਕੈਸਾ ਅਸਚਰਜ ਤੇ ਇਤਿਹਾਸ ਵਿਚ ਚਮਕਦਾ ਰਹਿਣ ਵਾਲਾ ਹੈ, ਜਦ ਕਿ ਸਿੰਘ ਵਾਹੋ ਦਾਹ ਭੱਜੀ ਆ ਰਹੀ ਗੱਡੀ ਨੂੰ ਦੇਖ ਕੇ ਮੌਤ ਨੂੰ ਸਾਹਮਣੇ ਤੱਕਦੇ ਹੋਏ ਰੇਲ ਦੀ ਪਟੜੀ ਪੁਰ ਅਡੋਲ ਬੈਠੇ ਹੋਏ ਸੀ। ਜਦ ਸੰਗਤ ਫੱਟੜਾਂ ਤੇ ਸਹਿਕਦੇ ਸ਼ਹੀਦਾਂ ਨੂੰ ਸੰਭਾਲ ਰਹੀ ਸੀ ਪਰ ਚਲਾਣਾ ਕਰ ਰਹੇ ਸਿੰਘ ਇਹ ਕਹਿ ਰਹੇ ਸਨ "ਸਾਡੀ ਪ੍ਰਵਾਹ ਨਾ ਕਰੋ, ਪਹਿਲਾਂ ਗੱਡੀ ਵਾਲੇ

ਸਿੰਘਾਂ ਨੂੰ ਪ੍ਰਸ਼ਾਦ ਛਕਾਓ।" ਇਹ ਦਰਦਨਾਕ ਘਟਨਾਕ੍ਰਮ ਨੂੰ ਸਿੱਖ ਇਤਿਹਾਸ ਵਿਚ 'ਸਾਕਾ ਸ੍ਰੀ ਪੰਜਾ ਸਾਹਿਬ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਸਾਕੇ ਦੌਰਾਨ ਸ਼ਹੀਦ ਅਤੇ ਫੱਟੜ ਹੋਏ ਸਿੰਘਾਂ ਦੇ ਨਾਵਾਂ ਤੇ ਥਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

## ਸ਼ਹੀਦ ਸਿੰਘ

1. ਭਾਈ ਪ੍ਰਤਾਪ ਸਿੰਘ ਜੀ, ਪਿੰਡ ਅਕਾਲ ਗੜ੍ਹ, ਜ਼ਿਲ੍ਹਾ ਗੁਜਰਾਂਵਾਲਾ। (ਖ਼ਜ਼ਾਨਚੀ, ਗੁਰਦੁਆਰਾ ਸ੍ਰੀ ਪੰਜਾ ਸਾਹਿਬ)
2. ਭਾਈ ਕਰਮ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ।

## ਫੱਟੜ ਸਿੰਘ

1. ਭਾਈ ਗੰਗਾ ਸਿੰਘ, ਪਿੰਡ ਮਜਾਹ, ਜ਼ਿਲ੍ਹਾ ਅਟਕ ।
2. ਭਾਈ ਚਰਨ ਸਿੰਘ, ਪਿੰਡ ਮਜਾਹ, ਜ਼ਿਲ੍ਹਾ ਅਟਕ।
3. ਭਾਈ ਨਿਹਾਲ ਸਿੰਘ, ਪਿੰਡ ਲਾਲਪੁਰਾ (ਢੋਟੀਆਂ), ਜ਼ਿਲ੍ਹਾ ਅੰਮ੍ਰਿਤਸਰ (ਸੇਵਾਦਾਰ, ਗੁਰਦੁਆਰਾ ਸ੍ਰੀ ਪੰਜਾ ਸਾਹਿਬ)।
4. ਭਾਈ ਭਾਗ ਸਿੰਘ, ਪਿੰਡ ਘੜਿਆਲ, ਜ਼ਿਲ੍ਹਾ ਕੈਮਲਪੁਰ (ਹਲਵਾਈ, ਗੁਰਦੁਆਰਾ ਸ੍ਰੀ ਪੰਜਾ ਸਾਹਿਬ)।
5. ਭਾਈ ਫਕੀਰ ਸਿੰਘ, ਸ੍ਰੀ ਪੰਜਾ ਸਾਹਿਬ ਨਿਵਾਸੀ।
6. ਭਾਈ ਕਲਿਆਣ ਸਿੰਘ, ਪਿੰਡ ਮਤਿਹਾਰੀ, ਜ਼ਿਲ੍ਹਾ ਮੁੱਜ਼ਫਰਾਬਾਦ (ਕਸ਼ਮੀਰ)।

ਸ੍ਰੀ ਪੰਜਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਹੋਏ ਦੋਵੇਂ ਸਿੰਘ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਦਾ ਲਗਭਗ ਪੰਦਰਾਂ ਹਜ਼ਾਰ ਸੰਗਤ ਦੀ ਹਾਜ਼ਰੀ ਵਿੱਚ ਰਾਵਲਪਿੰਡੀ ਵਿਖੇ ਸਸਕਾਰ ਕੀਤਾ ਗਿਆ। ਇਸ ਸਾਕੇ ਦੌਰਾਨ ਜ਼ਖ਼ਮੀ ਹੋਏ ਸਿੰਘਾਂ ਵਿਚੋਂ ਤਿੰਨ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਚ ਅਤੇ ਬਾਕੀਆਂ ਨੂੰ ਹਸਨ ਅਬਦਾਲ ਹਸਪਤਾਲ ਵਿਚ ਜ਼ੇਰੇ-ਇਲਾਜ ਭੇਜਿਆ ਗਿਆ। ਸ੍ਰੀ ਪੰਜਾ ਸਾਹਿਬ ਦੀ ਪਵਿਤ੍ਰ ਧਰਤੀ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਦੇ ਬਖਸ਼ੇ ਹੋਏ ਅੰਮ੍ਰਿਤ ਰੂਪੀ ਜਲ ਦੇ ਪ੍ਰਵਾਹ ਕਾਰਨ ਪਵਿਤ੍ਰ ਸੀ, ਇਸ

ਸ਼ਹੀਦੀ ਖ਼ੂਨ ਨੇ ਇਸ ਧਰਤ ਨੂੰ ਹੋਰ ਵੀ ਰੰਗਤ ਚਾੜ੍ਹੀ। ਕੌਣ ਇਨਸਾਫ਼ ਤੇ ਸਚਾਈ ਪਸੰਦ ਇਸਤ੍ਰੀ ਪੁਰਸ਼ ਹੈ, ਜਿਸਨੂੰ ਇਸ ਸ਼ਹੀਦੀ ਪਰ ਮਾਣ ਨਾ ਹੋਵੇ? ਇਨ੍ਹਾਂ ਸ਼ਹੀਦਾਂ ਦੀ ਕਰਨੀ ਦਾ ਧਿਆਨ ਧਰ ਕੇ ਲੂੰ ਕੰਡੇ ਨਾ ਖੜੇ ਹੋਣ? ਠੀਕ ਹੈ, ਉਪਕਾਰੀ ਤੇ ਆਪਾ ਵਾਰਨ ਵਾਲੇ ਪ੍ਰੇਮੀ ਇਹ ਨਹੀਂ ਦੇਖਿਆ ਕਰਦੇ ਕਿ ਉਨ੍ਹਾਂ ਨੂੰ ਕੀ ਖੇਦ ਪੁਜੇਗਾ, ਉਹ ਜਿਸ ਪ੍ਰਣ ਉਤੇ ਡਟ ਜਾਣ ਉਸਨੂੰ ਆਪਣੇ ਸਿਰ ਨਾਲ ਨਿਭਾਉਂਦੇ ਹਨ। ਇਸ ਲਈ ਇਹ ਕਹਾਵਤ ਮਸ਼ਹੂਰ ਹੈ, "ਸੂਰਮੇ ਸਿਰ ਦਿੰਦੇ ਹਨ, ਪਰ ਸਿਰੜ ਨਹੀਂ ਛਡਦੇ।"

ਰੇਲ ਗੱਡੀ ਦਾ ਡਰਾਈਵਰ ਜ਼ਿਲ੍ਹਾ ਗੁਜਰਾਤ ਦਾ ਇਕ ਅਰਾਈ ਮੁਸਲਮਾਨ ਸੀ। ਉਹਦੇ ਵਿਰੁੱਧ ਸਰਕਾਰ ਨੇ ਹਾਈਕੋਰਟ ਦੇ ਇਕ ਜੱਜ ਤੋਂ ਪੜਤਾਲ ਕਰਵਾਈ ਸੀ ਕਿ ਉਹਨੇ ਗੱਡੀ ਕਿਉਂ ਖੜੀ ਕੀਤੀ। ਉਸ ਡਰਾਇਵਰ ਦੇ ਜੱਜ ਸਾਹਮਣੇ ਦਿਤੇ ਬਿਆਨ ਬੜੇ ਇਤਿਹਾਸਿਕ ਮਹੱਤਤਾ ਵਾਲੇ ਹਨ। ਉਹਨੇ ਕਿਹਾ ਕਿ, "ਮੈਨੂੰ ਗੱਡੀ ਕਿਸੇ ਵੀ ਕੀਮਤ 'ਤੇ ਖੜੀ ਨਾ ਕਰਨ ਦਾ ਜ਼ੁਬਾਨੀ ਹੁਕਮ ਮਿਲਿਆ ਸੀ। ਮੈਂ ਉਸ ਹੁਕਮ ਅਨੁਸਾਰ ਗੱਡੀ ਖੜੀ ਨਹੀਂ ਸੀ ਕੀਤੀ ਤੇ ਪੂਰੀ ਰਫ਼ਤਾਰ ਨਾਲ ਲਿਜਾ ਰਿਹਾ ਸਾਂ। ਜਦ ਸੰਗਤ ਵਿਚ ਜਾ ਕੇ ਗੱਡੀ ਵੱਜੀ ਤਾਂ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਗੱਡੀ ਕਿਸੇ ਪਹਾੜ ਨਾਲ ਟਕਰਾਈ ਹੋਵੇ। ਫਿਰ ਮੇਰਾ ਹੱਥ ਵੈਕਮ ਤੋਂ ਛੁਟ ਗਿਆ ਤੇ ਗੱਡੀ ਖੜੀ ਹੋ ਗਈ। ਇੰਜਣ ਦੀ ਪੜਤਾਲ ਕਰਨ 'ਤੇ ਇਹੋ ਨਤੀਜਾ ਨਿਕਲਿਆ ਹੈ ਕਿ ਇਹਨੂੰ ਬਰੇਕ ਨਹੀਂ ਲਗੀ। ਮੈਨੂੰ ਤਾਂ ਇਉਂ ਲਗਾ ਜਿਵੇਂ ਕਿਸੇ ਗੁਪਤ ਤਾਕਤ ਨੇ ਆ ਕੇ ਗੱਡੀ ਰੋਕ ਦਿਤੀ ਹੋਵੇ।" ਉਸ ਡਰਾਇਵਰ ਨੂੰ ਪਿਛੋਂ ਸਰਕਾਰ ਨੇ ਨੌਕਰੀ ਤੋਂ ਹਟਾ ਦਿਤਾ। ਉਸਦਾ ਬਿਆਨ ਦਸਦਾ ਹੈ ਕਿ ਸਤਿਗੁਰਾਂ ਦੀ ਅਪਾਰ ਸ਼ਕਤੀ ਨੇ ਉਸ ਸਮੇਂ ਗੱਡੀ ਰੋਕੀ। ਸ਼ਹੀਦ ਭਾਈ ਪ੍ਰਤਾਪ ਸਿੰਘ ਤੇ ਸ਼ਹੀਦ ਭਾਈ ਕਰਮ ਸਿੰਘ ਭਾਵੇਂ ਅੱਜ ਇਸ ਸੰਸਾਰ ਵਿੱਚ ਨਹੀਂ ਹਨ, ਪਰ ਜੋ ਘਾਲਣਾ ਉਹ ਘਾਲ ਗਏ ਹਨ, ਉਸ ਕਰਕੇ ਉਨ੍ਹਾਂ ਦੇ ਨਾਮ ਰਹਿੰਦੀ ਦੁਨੀਆਂ ਤਕ ਅਮਰ ਰਹਿਣਗੇ ਤੇ ਅਗਲੀਆਂ ਪੀੜ੍ਹੀਆਂ ਲਈ ਸਿੱਖੀ ਸਿਦਕ ਭਾਵਨਾ ਦੀ ਇਕ ਸੁਨਹਿਰੀ ਮਿਸਾਲ ਬਣੇ ਰਹਿਣਗੇ। ਗੁਰਦੁਆਰਾ ਸ੍ਰੀ ਪੰਜਾ

ਸਾਹਿਬ ਵਿਖੇ ਇਨ੍ਹਾਂ ਸ਼ਹੀਦਾਂ ਦੀ ਯਾਦ ਹਰ ਸਾਲ 15 ਕੱਤਕ ਵਾਲੇ ਦਿਨ ਮਨਾਈ ਜਾਂਦੀ ਹੈ। ਸ੍ਰੀ ਪੰਜਾ ਸਾਹਿਬ ਦੇ ਗੁਰਦੁਆਰੇ ਅਤੇ ਸ਼ਹੀਦੀ ਯਾਦਗਾਰੀ ਦਿਨ ਸਬੰਧੀ ਇਕ ਕਵੀ ਨੇ ਬਾਖ਼ੂਬੀ ਕਿਹਾ ਹੈ:

*ਜਿਥੇ ਵਿੱਚ ਚਸ਼ਮੇ ਦੇ ਨ੍ਹਾਤਿਆਂ ਸੀ ਚੜ੍ਹ ਜਾਂਦੀ,*
*ਅਗੇ ਗੂੜ੍ਹੀ ਨਾਮ ਦੀ ਰੰਗਣ ਸੰਸਾਰ ਨੂੰ।*
*ਪਾਵਨ ਪਵਿਤ੍ਰ ਸ਼ਹੀਦੀ ਖ਼ੂਨ ਨਾਲ ਦੇਖੋ,*
*ਓਥੇ ਹੀ ਸ਼ਹੀਦੀ ਰੰਗ ਚੜ੍ਹੇ ਨਰ ਨਾਰ ਨੂੰ।*
*'ਪ੍ਰਤਾਪ' ਹਰੀ 'ਕਰਮ' ਵਿਛਾਇ ਕੇ ਤੇ ਛਾਤੀਆਂ ਨੂੰ*
*ਰੋਕਿਆ ਸੀ ਜਿਥੇ ਬੰਬੇ ਤੇਜ਼ ਰਫਤਾਰ ਨੂੰ।*
*ਕੱਤਕ ਮਹੀਨੇ ਸਦੀ ਚੌਧਵੀਂ ਤੇ ਸੋਲਾਂ ਤੀਕ*
*ਆਣ ਕੇ ਤੇ ਤੱਕੇ ਤੇ ਤਕਾਓ ਪ੍ਰਵਾਰ ਨੂੰ।*

–•–



ਸ਼ਹੀਦ ਭਾਈ ਕਰਮ ਸਿੰਘ



ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ (ਪਾਕਿਸਤਾਨ)

ਜੁਲਾਈ 2022 5,000 ਛਾਪਕ: ਗੋਲਡਨ ਆਫਸੈਟ ਪ੍ਰੈਸ, ਸ੍ਰੀ ਅੰਮ੍ਰਿਤਸਰ।